**ਦਫ਼ਤਰ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ ਮੋਗਾ**

**-ਕੋਰੋਨਾ ਵਾਇਰਸ ਖਿਲਾਫ ਜੰਗ: ਕਰੋਨਾ ਪ੍ਰਭਾਵਿਤ ਖੇਤਰਾਂ ਵਿੱਚ ਰੋਕਥਾਮ ਪਲਾਨ ਦੇ ਬੋਰਡ ਲਗਾਏ ਗਏ**

**--ਆਮ ਜਨਤਾ ਨੂੰ ਕੀਤਾ ਜਾ ਰਿਹਾ ਹੈ ਸੁਚੇਤ**

**--ਕਿਸੇ ਖੇਤਰ ਚ ਕੋਰੋਨਾ ਵਾਇਰਸ ਕੇਸ ਆਉਣ ਨਾਲ ਹੋਵੇਗਾ ਰੋਕਥਾਮ ਪਲਾਨ ਲਾਗੂ**

ਮੋਗਾ, 9 ਅਪ੍ਰੈਲ

ਜ਼ਿਲ੍ਹਾ ਪ੍ਰਸ਼ਾਸਨ ਨੇ ਕੋਰੋਨਾ ਵਾਇਰਸ ਖਿਲਾਫ਼ ਛੇੜੀ ਗਈ ਜੰਗ ਦਾ ਸਾਰੇ ਪਿੰਡਾਂ ਦੇ ਵਾਸੀਆਂ ਨੂੰ ਹਿੱਸਾ ਬਣਾਉਣ ਲਈ ਇੱਕ ਯੋਜਨਾਬੰਦੀ ਤਹਿਤ ਰੋਕਥਾਮ ਪਲਾਂ ਦੇ ਪੋਸਟਰ ਲਾਉਣੇ ਸ਼ੁਰੂ ਕਰ ਦਿੱਤੇ ਹਨ। ਇਹ ਯੋਜਨਾ ਲੋਕਾਂ ਦੇ ਮਨਾਂ ਵਿਚੋਂ ਬਿਮਾਰੀ ਦੇ ਡਰ ਨੂੰ ਦੂਰ ਕਰਨ ਅਤੇ ਇਸ ਦੀ ਬਜਾਏ ਇਸਦੀ ਚੇਨ ਨੂੰ ਤੋੜਨ ਲਈ ਤਿਆਰ ਕੀਤੀ ਗਈ ਹੈ।

ਇਸ ਯੋਜਨਾ ਤਹਿਤ ਜੇਕਰ ਪਿੰਡ ਦੇ ਕਿਸੇ ਵਿਅਕਤੀ ਨੂੰ ਕੋਰੋਨਾ ਵਾਇਰਸ ਪਾਜੀਟਿਵ ਪਾਇਆ ਜਾਂਦਾ ਹੈ ਤਾਂ ਸਾਰੇ ਪਿੰਡ ਨੂੰ ਕੰਟੇਨਮੈਂਟ ਜ਼ੋਨ ਘੋਸ਼ਤਿ ਕੀਤਾ ਜਾਂਦਾ ਹੈ ਅਤੇ ਇਸਦੇ ਦੁਆਲੇ ਇੱਕ ਬਫਰ ਜ਼ੋਨ ਬਣਾਇਆ ਜਾਂਦਾ ਹੈ।

ਜ਼ਿਲ੍ਹਾ ਪ੍ਰਸ਼ਾਸਨ ਕੰਟੇਨਮੈਂਟ ਏਰੀਆ ਦੇ ਘੇਰੇ ਨੂੰ ਨਿਯੰਤਰਣ ਕਰੇਗਾ. ਪ੍ਰਭਾਵਿਤ ਖੇਤਰ ਵਿੱਚ ਅੰਦਰ ਜਾਣ ਦਾ ਰਸਤਾ ਅਤੇ ਬਾਹਰ ਜਾਣ ਦਾ ਰਸਤਾ ਨਿਰਧਾਰਤ ਕੀਤਾ ਜਾਵੇਗਾ ਅਤੇ ਹੋਰ ਸਾਰੇ ਰਾਸਤੇ ਬੰਦ ਕਰ ਦਿੱਤੇ ਜਾਣਗੇ. ਰੈਪਿਡ ਰਿਸਪਾਂਸ ਟੀਮ ਕੰਟੇਨਮੈਂਟ ਜ਼ੋਨ ਦੀ ਨਿਗਰਾਨੀ ਕਰੇਗੀ।

ਬਲਾਕ ਨਿਹਾਲ ਸਿੰਘ ਵਾਲਾ ਵਿਖੇ ਇਸ ਰੋਕਥਾਮ ਯੋਜਨਾ ਸਬੰਧੀ ਬੋਰਡ ਨਗਰ ਪੰਚਾਇਤ ਅਤੇ ਮੱਲਿਆਣਾ, ਲੋਪੋ, ਬੱਧਨੀ ਖੁਰਦ, ਮਿੰਡੀਆ, ਕੁੱਸ, ਰਾਮਾ, ਮਾਛੀਕੇ, ਨਵਾਂ ਮਾਛੀਕੇ, ਹਿੰਮਤਪੁਰਾ, ਭਾਗੀ ਕੇ, ਧੂੜਕੋਟ, ਤਖਤੂਪੁਰਾ, ਲੁਹਾਰਾ, ਰਣਸੀਹ ਕਾਲਾ, ਬੀੜ ਰਾਉਕੇ ਬੀਰ ਬੱਧਨੀ, ਨੰਗਲ ਅਤੇ ਬਾਉਡੇ ਵਿਖੇ ਲਗਾਏ ਗਏ ਹਨ।
ਇਸੇ ਤਰ੍ਹਾਂ ਇਹ ਪਿੰਡ ਡਾਲਾ ਬਲਾਕ ਮੋਗਾ ਅਤੇ ਪਿੰਡ ਬਹੋਨਾ ਬਲਾਕ ਮੋਗਾ 1, ਬੁੱਗੀਪੁਰ, ਚੜਿਕ, ਰਾਮੂੰਵਾਲ, ਮੰਦਰਾਂਵਾਲਾ, ਖੋਤਾ, ਧੂੜਕੋਟ ਟਾਹਲੀ ਵਿਖੇ ਬਣਾਏ ਗਏ ਹਨ। ਬਲਾਕ ਬਾਘਾਪੁਰਾਣਾ ਵਿੱਚ ਇਹ ਪਿੰਡ ਰਾਜਿਆਨਾ, ਕੋਟਲਾ ਮੇਹਰ ਸਿੰਘ ਵਾਲਾ, ਸੰਗਤਪੁਰਾ, ਮਹਲਾ ਖੁਰਦ, ਹਰੀਵਾਲਾ, ਖੋਸਾ ਪਾਂਡੋ, ਰੱਤੀਆ ਵਿਖੇ ਸਥਾਪਤ ਕੀਤਾ ਗਿਆ ਹੈ।

ਬਾਕੀ ਰਹਿੰਦੇ ਪਿੰਡਾਂ ਅਤੇ ਹੋਰ ਖੇਤਰਾਂ ਵਿੱਚ ਉਨ੍ਹਾਂ ਵਿੱਚ ਕੰਨਟੇਨਮੈਟ ਬੋਰਡ ਜਲਦ ਹੀ ਲਗਾਏ ਜਾਣਗੇ.

**ਦਫ਼ਤਰ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ ਮੋਗਾ**

**-ਮੋਗਾ ਲਈ ਰਾਹਤ ਭਰੀ ਖ਼ਬਰ-**

**ਚੀਦਾ ਪਿੰਡ ਦੇ 13 ਵਿਅਕਤੀਆਂ ਵਿੱਚੋ 2 ਵਿਅਕਤੀਆਂ ਦਾ ਕਰੋਨਾ ਟੈਸਟ ਆਇਆ ਨੇਗੈਟਿਵ**

**- 20 ਹੋਰ ਸੈਪਲ ਟੈਸਟਿੰਗ ਲਈ ਭੇਜੇ ਗਏ**

**-ਡਿਪਟੀ ਕਮਿਸ਼ਨਰ ਨੇ ਲੋਕਾਂ ਨੂੰ ਘਰ ਰਹੋ ਅਤੇ ਘਰ ਰਹੋ ਦੀ ਕੀਤੀ ਅਪੀਲ**

ਮੋਗਾ, 9 ਅਪ੍ਰੈਲ

ਡਿਪਟੀ ਕਮਿਸ਼ਨਰ ਮੋਗਾ ਸ੍ਰੀ ਸੰਦੀਪ ਹੰਸ ਨੇ ਅੱਜ ਮੋਗਾ ਜ਼ਿਲ੍ਹੇ ਦੇ ਵਸਨੀਕਾਂ ਨੂੰ ਰਾਹਤ ਭਰੀ ਖ਼ਬਰ ਦਿੰਦਿਆਂ ਦੱਸਿਆ ਕਿ ਪਿੰਡ ਚੀਦਾ ਦੇ 13 ਸੈਪਲਾਂ ਵਿੱਚ ਦੋ ਸੈਪਲਾਂ ਦੀ ਰਿਪੋਰਟ ਅੱਜ ਨੇਗੈਟਿਵ ਆਈ ਹੈ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਤੋਂ ਪਹਿਲਾਂ 7 ਅਪ੍ਰੈਲ ਨੂੰ ਮੁੰਬਈਤੋ 13 ਵਿਅਕਤੀਆਂ ਚੋਣ 4 ਦੀ ਰਿਪੋਰਟ ਪੋਸਿਟੀਵੇ ਆਈ ਸੀ. ਉਨ੍ਹਾਂ ਦੱਸਿਆ ਕਿ ਇਨ੍ਹਾਂ 13 ਯਾਤਰੀਆਂ ਵਿਚੋਂ 4 ਵਿਅਕਤੀਆਂ ਦੇ ਟੈਸਟ ਪਾਜੀਟਿਵ ਅਤੇ 9 ਵਿਅਕਤੀਆਂ ਦੇ ਟੈਸਟ ਨੇਗੈਟਿਵ ਆਏ ਹਨ।

ਸਿਵਲ ਸਰਜਨ ਡਾ: ਅੰਦੇਸ਼ ਕੰਗ ਨੇ ਦੱਸਿਆ ਕਿ ਇਸ ਤੋਂ ਇਲਾਵਾ 20 ਵਿਅਕਤੀਆਂ ਦੇ ਨਮੂਨੇ ਪਿੰਡ ਚੀਦਾ, ਸੁਖਾਨੰਦ ਅਤੇ ਠੱਠੀ ਭਾਈ ਤੋਂ ਲਏ ਗਏ ਹਨ ਜੋ ਇਨ੍ਹਾਂ ਪਾਜੀਟਿਵ ਕੋਰੋਨਾ ਵਾਇਰਸ ਲੋਕਾਂ ਦੇ ਸੰਪਰਕ ਵਿੱਚ ਆਏ ਸਨ।

ਡਿਪਟੀ ਕਮਿਸ਼ਨਰ ਨੇ ਜ਼ਿਲ੍ਹੇ ਦੇ ਲੋਕਾਂ ਨੂੰ ਆਪਣੇ ਘਰਾਂ ਤੋਂ ਬਾਹਰ ਨਾ ਜਾ ਕੇ, ਘਰ ਦੇ ਅੰਦਰ ਰਹਿ ਕੇ ਤੰਦਰੁਸਤ ਰਹਿਣ ਲਈ ਸਖਤੀ ਕਾਇਮ ਰੱਖਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਲੋਕਾਂ ਲਈ ਘਰ ਤੋਂ ਬਾਹਰ ਨਾ ਜਾ ਕੇ ਆਪਣੇ ਪਰਿਵਾਰਾਂ ਪ੍ਰਤੀ ਪਿਆਰ ਅਤੇ ਸਤਿਕਾਰ ਦਿਖਾਉਣ ਦਾ ਇਹ ਸਭ ਤੋਂ ਉੱਤਮ ਸਮਾਂ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਨੇ ਰੋਜ਼ਾਨਾ ਦੀਆਂ ਜ਼ਰੂਰੀ ਚੀਜ਼ਾਂ ਮੋਗਾ ਵਾਸੀਆਂ ਦੇ ਦਰਵਾਜ਼ੇ 'ਤੇ ਪਹੁੰਚਾਉਣਦੇ ਯੋਗ ਅਤੇ ਸੁਚੱਜੇ ਪ੍ਰਬੰਧ ਕੀਤੇ ਹਨ

**O/O DISTRICT INFORMATION AND PUBLIC RELATIONS OFFICER MOGA**

**-GOOD NEWS FOR MOGA: TWO SAMPLES TAKEN FROM 13 PEOPLE OF VILLAGE CHEEDA, TEST NEGATIVE**

**-20 MORE SAMPLES SENT FOR TESTING**

**-Two samples have been re tested**

**-DEPUTY COMMISSIONER APPEALS PEOPLE TO STAY INDOORS, STAY SAFE**

Moga, April 9

Deputy Commissioner Moga Mr Sandeep Hans giving good news to residents of Moga district, today that two samples, which were taken from the 13 people from village Cheeda, have been tested to be negative. These two samples have been re tested and found negative.

Earlier on April 7, four corona virus positive cases were reported from village Cheeda where a group of people had come from Mumbai. He added that of the 13 travellers, 4 have tested positive and rest 9 are negative.

Civil Surgeon Dr Andesh Kang said that besides this sample of 20 people have been collected from villages Cheeda, Sudanand And Thatthi Bai who had come in contact with the corona virus positive people.

Deputy Commissioner called upon the people in district to maintain strictness by not going outside their homes, staying indoors and staying healthy. He said that this was the best time for people to show love and respect for their families by not going out of house at all. District administration has made arrangements for daily essentials to be delivered on the doorsteps.

**ਦਫ਼ਤਰ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ ਮੋਗਾ**

**---ਕਰਫਿਊ ਡਿਊਟੀ ਕਰਨ ਵਾਲੇ ਪੁਲਿਸ ਦੇ ਕਰੀਬ 580 ਮੁਲਾਜਮਾ ਨੂ ੰਦਿਨ ਵਿਚ 2 ਵਾਰ ਭੋਜਨ, ਸੇਬ ਅਤੇ ਸੰਤਰੇ ਕਰਵਾਏ ਮੁਹੱਈਆ**

**--ਜ਼ਿਲ੍ਹੇ ਦੀਆਂ ਸਾਰੀਆਂ ਸਬ-ਡਵੀਜਨਾਂ ਵਿਚ ਐਮਰਜੰਸੀ ਹਲਾਤਾ ਨਾਲ ਨਜਿੱਠਣ ਲਈ ਇਕ-ਇਕ ਟੀਮ ਤਿਆਰ ਕਰਕੇ ਸਿਖਲਾਈ ਕਰਵਾਈ ਗਈ ਮੁਹੱਈਆ**

**ਐਮਰਜੈਸੀ ਹਾਲਾਤਾਂ ਨਾਲ ਨਜਿੱਠਣ ਲਈ ਇਨ੍ਹਾਂ ਟੀਮਾਂ ਨੂ ੰਪੀ.ਪੀ.ਈ. ਕਿਟਸ ਕਰਵਾਈਆਂ ਗਈਆਂ ਮੁਹੱਈਆ**

ਮੋਗਾ 9 ਅਪ੍ਰੈਲ:

ਮੋਗਾ ਪੁਲਿਸ ਵਲੋਂ ਕਰਫਿਊ ਡਿਊਟੀ ਕਰਨ ਵਾਲੇ ਪੁਲਿਸ ਦੇ ਕਰੀਬ 580 ਮੁਲਾਜਮਾ ਨੂ ੰਦਿਨ ਵਿਚ 2 ਵਾਰ ਭੋਜਨ, ਸੇਬ ਅਤੇ ਸੰਤਰੇ ਦਿੱਤੇ ਜਾ ਰਹੇ ਹਨ.

ਇਸ ਸਬੰਧੀ ਜਾਣਕਾਰੀ ਦਿੰਦਿਆਂ ਸੀਨੀਅਰ ਕਪਤਾਨ ਪੁਲਿਸ ਮੋਗਾ ਸ੍ਰੀ ਹਰਮਨਬੀਰ ਸਿੰਘ ਗਿੱਲ ਨੇ ਦੱਸਿਆ ਕਿ ਕਰੀਬ 580 ਮੁਲਾਜਮਾ ਨੂ ੰਦਿਨ ਵਿਚ 2 ਵਾਰ ਵੈਜ ਅਤੇ ਨੋਨ-ਵੈਜ ਭੋਜਨ ਬਣਾਕੇ ਦਿੱਤਾ ਜਾਂਦਾ ਹੈ. ਮੁਲਾਜਮਾ ਤੱਕ ਪਹੁ ੰਚਣਵਾਲਾ ਸਾਰਾ ਭੋਜਨ ਪੁਲਿਸ ਲਾਈਨ ਮੋਗਾ ਵਿਖੇ ਸਾਰੇ ਜਰੂਰੀ ਨਿਰਦੇਸ਼ਾ ਅਤੇ ਸਾਵਧਾਨੀਆ

ਨੂ ਧਿਆਨ ਵਿਚ ਰੱਖਦੇ ਹੋਏ ਤਿਆਰ ਕੀਤਾ ਜਾਦਾ ਹੈ ਅਤੇ ਪੂਰੇ ਸਾਫ-ਸੁਥਰੇ ਤਰੀਕੇ ਨਾਲ ਸਾਰਿਆ ਤੱਕ ਇਹ ਭੋਜਨ ਵੀ ਪਹੁੰਚਾਇਆਜਾਦਾ ਹੈ।

ਉਹਨਾਂ ਦੱਸਿਆ ਕਿ ਜਿਲ੍ਹਾ ਮੋਗਾ ਦੇ ਅੰਦਰ ਪੈਦੇ ਸਾਰੇ ਪਿੰਡਾਂ ਵਿਚ ਪਿੰਡਾਂ ਦੇ ਮੋਹਤਬਰ ਅਤੇ ਸਿਹਤਮੰਦ ਨਿਵਾਸੀਆ ਦੀ ਮਦਦ ਨਾਲ ਪਿੰਡਾ ਦੇ ਆਉਣ-ਜਾਣ ਵਾਲੇ ਰਸਤਿਆ ਤੇ ਠੀਕੀਰੀ ਪਹਿਰੇ ਲਗਾਏ ਗਏ ਹਨ। ਪਿੰਡ ਵਿਚ ਦਾਖਲ ਹੋਣ ਵਾਲੇ ਰਸਤਿਆ ਅਤੇ ਆਉਣ ਜਾਣ ਵਾਲੇ ਦੀ ਪੂਰੀ ਤਰ੍ਹਾਂ ਨਿਗਰਾਨੀ ਕੀਤੀ ਜਾ ਰਹੀ ਹੈ। ਪਿੰਡ ਨਿਵਾਸੀਆ ਨੂ ਬਿਨ੍ਹਾ ਕਿਸੇ ਐਮਰਜੰਸੀ ਤੋ ਘਰੋ ਬਾਹਰ ਨਿਕਲਣ ਤੇ ਪੂਰੀ ਤਰ੍ਹਾਂ ਪਾਬੰਧੀ ਲਗਾਈ ਗਈ ਹੈ।

ਇਸ ਤੋਂ ਇਲਾਵਾ ਜਿਲ੍ਹਾਂ ਮੋਗਾ ਵਿਚ ਸਾਰੀਆ ਸਬ-ਡਵੀਜਨ ਵਿਚ ਐਮਰਜੰਸੀ ਹਲਾਤਾ ਲਈ ਇਕ-ਇਕ ਟੀਮ ਤਿਆਰ ਕੀਤੀ ਗਈ ਹੈ ਜਿਨ੍ਹਾ ਨੂ ਪੀ ਪੀ ਈ ਕਿਟਸ ਦਿਤੀਆ ਗਈਆ ਅਤੇ ਉਹਨਾ ਨੂ ਐਮਰਜੰਸੀ ਹਲਾਤਾ ਨਾਲ ਨਜਿਠਣ ਲਈ ਸਿਖਲਾਈ ਵੀ ਦਿਤੀ ਗਈ।

ਸ੍ਰੀ ਹਰਮਨਬੀਰ ਸਿੰਘ ਗਿੱਲ ਐਸ.ਐਸ.ਪੀ ਮੋਗਾ ਨੇ ਦੱਸਿਆ ਕਿ ਜੋ ਪ੍ਰਵਾਸੀ ਜਿਲ੍ਹਾ ਮੋਗਾ ਵਿੱਚ ਵੱਖ-ਵੱਖ ਰਾਜਾ ਤੋ ਕੰਮ ਕਰਨ ਲਈ ਆਏ ਸੀ ਉਹਨਾ ਨੂ ਸ਼ੈਲਟਰ ਹੋਮ ਰਾਧਾ ਸਵਾਮੀ ਡੇਰਾ ਬਿਆਸ ਲੰਡੇ ਕੇ ਮੋਗਾ ਵਿਖੇ ਠਹਿਰਾਇਆ ਗਿਆ ਹੈ ਜਿਥੇ ਇਹਨਾ ਪ੍ਰਵਾਸੀਆ ਦਾ ਸਿਹਤ ਨਿਰੀਖਣ ਕਰਵਾਉਣ ਲਈ ਡਾਕਰੀ ਟੀਮ ਬੁਲਾਕੇ ਇਹਨਾ ਦਾ ਡਾਕਟਰੀ ਚੈਕਅੱਪ ਕਰਵਾਇਆ ਗਿਆ। ਇਸ ਡਾਕਟਰੀ ਚੈਕਅਪ ਵਿਚ ਸਾਰੇ ਪ੍ਰਵਾਸੀ ਜੋ ਸ਼ੈਲਟਰ ਹੋਮ ਵਿਚ ਰਹਿ ਰਹੇ ਹਨ ਪੂਰੀ ਤਰ੍ਹਾਂ ਤੰਦਰੁਸਤ ਪਾਏ ਗਏ ਅਤੇ ਕਿਸੇ ਨੂ ਕਿਸੇ ਵੀ ਪ੍ਰਕਾਰ ਦੀ ਕੋਈ ਵੀ ਤਕਲੀਫ ਨਹੀ ਹੈ।

ਐਸ.ਪੀ(ਸਥਾਨਕ) ਸ੍ਰੀ ਰਤਨ ਸਿੰਘ ਬਰਾੜ ਅਤੇ ਡੀ.ਐਸ.ਪੀ ਰਵਿੰਦਰ ਸਿੰਘ ਦੁਆਰਾ ਪਿੰਡ ਚੀਦਾ ਥਾਣਾ ਨੂ ਸਪਰੇਅ ਦੁਆਰਾ ਸੈਨੀਟਾਇਜ ਕੀਤਾ ਗਿਆ ਅਤੇ ਪਿੰਡ ਨਿਵਾਸੀਆ ਨੂ ਹਦਾਇਤ ਕੀਤੀ ਗਈ ਕਿ ਸਾਰੇ ਪਿੰਡ ਨਿਵਾਸੀ ਆਪਣੇ ਘਰ ਵਿਚ ਹੀ ਰਹਿਣ ਤਾ ਜੋ ਕਰੋਨਾ ਬਿਮਾਰੀ ਦੇ ਪ੍ਰਭਾਵ ਤੋ ਬਚਿਆ ਜਾ ਸਕੇ। ਡੀ.ਐਸ.ਪੀ (ਸ਼ਪੈਸ਼ਲ ਕਰਾਇਮ) ਸੁਖਵਿੰਦਰ ਸਿੰਘ ਜੀ ਨੇ ਸਲਮ ਏਰੀਆ ਮੋਗਾ ਵਿਚ ਜਾ ਕੇ ਉਥੋ ਦੇ ਨਿਵਾਸੀਆ ਨੂ ਕਰੋਨਾ ਬਿਮਾਰੀ ਬਾਰੇ ਜਾਗਰੂਤ ਕੀਤਾ ਅਤੇ ਸਾਰਿਆ ਨੂ ਘਰ ਵਿਚ ਰਹਿਣ ਤੋ ਪ੍ਰੇਰਿਤ ਕੀਤਾ ਅਤੇ ਅਗਰ ਕਿਸੇ ਨੇ ਕੋਈ ਖਾਣਾ ਜਾਂ ਹੋਰ ਜਰੂਰੀ ਸਮਾਨ ਲੈਣਾ ਹੈ ਤਾ ਉਹ ਇਕੱਲਾ-ਇਕੱਲਾ ਬਾਹਰ ਜਾ ਕੇ ਸਮਾਨ ਲਵੇ ਅਤੇ ਇਕੱਠ ਨਾ ਕਰੇ।

ਇਸੇ ਤਰ੍ਹਾਂ ਥਾਣਾ ਕੋਟ ਈਸੇ ਖਾਂ ਦੁਆਰਾ 8 ਅਪ੍ਰੈਲ ਨੂ ਮੁਕਦਮਾ ਨੰਬਰ 37 ਮਿਤੀ 08-04-2020 ਅ/ਧ 188,269,207 IPC ਅਤੇ 51 ਡਿਸਸਟਰ ਮੈਨਜਮੈਂਟ ਐਕਟ ਦਰਜ ਕੀਤਾ ਗਿਆ ਜਿਸ ਵਿਚ ਦੋਸ਼ੀ

ਗੁਰਪ੍ਰੀਤ ਸਿੰਘ ਪੁੱਤਰਨਿੰਰਜਣ ਸਿੰਘ ਵਾਸੀ ਪਿੰਡ ਦੋਲੇਵਾਲਾ ਜਿਲ੍ਹਾ ਮੋਗਾ ਨੂੰ ਕਾਬੂ ਕੀਤਾ ਗਿਆ ਅਤੇ ਮਿਤੀ 07-04-2020 ਨੂੰ ਮੋਗਾ ਜਿਲ੍ਹੇ ਦੇ ਵੱਖ-ਵੱਖ ਥਾਣਿਆ ਵਿਚ ਕਰਫਿਊ ਦੌਰਾਨ ਉਲੰਘਣਾ ਕਰਨ ਵਾਲਿਆ ਖਿਲਾਫ ਅ/ਧ 188 IPC ਤਹਿਤ 4 ਮੁਕਦਮੇ ਦਰਜ ਰਜਿਸਟਰ ਕੀਤੇ ਗਏ।

**ਦਫ਼ਤਰ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ ਮੋਗਾ**

**-ਆਰਸੇਟੀ ਮੋਗਾ ਨੇ ਜ਼ਿਲ੍ਹਾ ਪ੍ਰਸ਼ਾਸਨ ਦੀ ਕੋਰੋਨਾ ਵਾਈਰਸ ਵਿਰੁੱਧਜਾਰੀ ਜੰਗ ਵਿੱਚ ਹਿੱਸਾ ਪਾਉਣ ਲਈ 5000 ਮਾਸਕ ਬਣਾਉਣ ਦਾ ਕਾਰਜ ਕੀਤਾ ਸ਼ੁਰੂ**

**- ਆਰਸੇਟੀ ਦੀਆਂ 10 ਸਿਖਲਾਈ ਪ੍ਰਾਪਤ ਔਰਤਾਂ ਮਾਸਕ ਬਣਾਉਣ ਦੇ ਕਾਰਜ ਵਿੱਚ ਲੱਗੀਆਂ**

**- ਸਮਾਜਿਕ ਦੂਰੀ ਦੀਆਂ ਹਦਾਇਤਾਂ ਨੂੰ ਮੁੱਖ ਰੱਖਦਿਆਂ ਆਪਣੇ ਆਪਣੇ ਘਰ ਵਿਖੇ ਔਰਤਾਂ ਬਣਾ ਰਹੀਆਂ ਹਨ ਮਾਸਕ**

ਮੋਗਾ, 9 ਅਪ੍ਰੈਲ

ਕੋਰੋਨਾ ਵਾਇਰਸ ਵਿਰੁੱਧਪੰਜਾਬ ਸਰਕਾਰ ਦੀ ਲੜਾਈ ਵਿਚ ਅਹਿਮ ਯੋਗਦਾਨ ਪਾਉਂਦਿਆਂ, ਪੰਜਾਬ ਐਂਡਸਿੰਧ ਬੈਂਕ ਦੇ ਦਿਹਾਤੀ ਸਵੈ ਰੁਜ਼ਗਾਰ ਸਿਖਲਾਈ ਸੰਸਥਾ (ਆਰਸੇਟੀ.) ਨੇ 5000 ਮਾਸਕ ਬਣਾਉਣ ਦਾ ਕੰਮ ਸ਼ੁਰੂ ਕਰ ਲਿਆ ਹੈ। ਇਨ੍ਹਾਂ 5000 ਮਾਸਕਾਂ ਨੂੰ ਬਣਾ ਕੇ ਇਸ ਨੂੰ ਜ਼ਿਲ੍ਹਾ ਪ੍ਰਸ਼ਾਸਨ ਮੋਗਾ ਨੂੰ ਦਿੱਤਾ ਜਾਵੇਗਾ ਜਿੱਥੇ ਕਿ ਇਨ੍ਹਾਂ ਨੂੰ ਸੈਨੇਟਾਈਜ ਕਰਨ ਲਈ ਸਿਵਲ ਹਸਪਤਾਲ ਵਿੱਚ ਭੇਜਿਆ ਜਾਵੇਗਾ ਅਤੇ ਇਨ੍ਹਾਂ ਸੈਨੇਟਾਈਜ ਕੀਤੇ ਮਾਸਕਾਂ ਨੂੰ ਸਿਵਲ ਹਸਪਤਾਲ ਵੱਲੋ ਹਰ ਲੋੜਵੰਦ ਵਿਅਕਤੀਆਂ ਵਿੱਚ ਵੰਡਿਆ ਜਾਵੇਗਾ।

ਆਰਸੇਟੀ ਦੇ ਡਾਇਰੈਕਟਰ ਸ੍ਰੀ ਵਿਕਾਸ ਢਡਵਾਲ ਨੇ ਦੱਸਿਆ ਕਿ ਪੰਜਾਬ ਅਤੇ ਸਿੰਧ ਬੈਂਕ ਦੇ ਮੋਗਾ, ਲੁਧਿਆਣਾ ਅਤੇ ਫਰੀਦਕੋਟ ਵਿਖੇ ਆਰਸੇਟੀ ਸੈਟਰ ਚੱਲ ਰਹੇ ਹਨ। ਇਨ੍ਹਾਂ ਤਿੰਨੋਂ ਜ਼ਿਲ੍ਹਿਆਂ ਨੂੰ 5-5 ਹਜ਼ਾਰ ਮਾਸਕ ਬਣਾਉਣ ਲਈ ਕਿਹਾ ਗਿਆ ਹੈ। ਆਰਸੇਟੀ ਮੋਗਾ ਨੇ ਇਹ ਕੰਮ 20 ਤੋਂ 45 ਸਾਲ ਦੀ ਉਮਰ ਦੀਆਂ 10 ਸਿਖਲਾਈ ਪ੍ਰਾਪਤ ਔਰਤਾਂ ਨੂੰ ਦਿੱਤਾ ਹੈ ਜਿਨ੍ਹਾਂ ਨੇ ਪਹਿਲਾਂ ਆਰਸੇਟੀ ਤੋ ਕੱਪੜੇ ਸਿਲਾਈ ਦੀ ਸਿਖਲਾਈ ਲਈ ਸੀ।

ਸ੍ਰੀ ਵਿਕਾਸ ਢਡਵਾਲ ਨੇ ਕਿਹਾ ਕਿ ਇਨ੍ਹਾਂ ਔਰਤਾਂ ਨੂੰ ਮਾਸਕ ਬਣਾਉਣ ਲਈ ਸਾਰਾ ਮਟੀਰੀਅਲ ਮੁਹੱਈਆ ਕਰਵਾਉਣ ਦੇ ਨਾਲ ਨਾਲ ਇਸ ਕੇਂਦਰ ਵਿਚ ਮਾਸਕ ਬਣਾਉਣ ਦੇ ਸਹੀ ਤਰੀਕੇ ਅਤੇ ਸਮਾਜਕ ਦੂਰੀ ਬਣਾਈ ਰੱਖਣ ਲਈ ਪੂਰੀ ਤਰ੍ਹਾਂ ਜਾਣੂੰ ਕਰਵਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਇਹ 10 ਔਰਤਾਂ ਆਪਣੇ ਘਰ

ਵਿੱਚ ਬੈਠ ਕੇ ਇਨ੍ਹਾਂ ਮਾਸਕਾਂ ਨੂ ਤਿਆਰ ਕਰ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਇੱਕ ਔਰਤ ਇੱਕ ਦਿਨ ਵਿੱਚ 50 ਮਾਸਕ ਤਿਆਰ ਕਰੇਗੀ ਅਤੇ ਸਾਰੇ 5000 ਮਾਸਕ 10 ਦਿਨਾਂ ਵਿੱਚ ਤਿਆਰ ਹੋ ਜਾਣਗੇ। ਇਹ ਮਾਸਕ ਬਣਾਉਣ ਵਾਲੀਆਂ ਔਰਤਾਂ ਪਿੰਡ ਧੱਲੇਕੇ, ਦੁਨੇਕੇ, ਪੁਰਾਣੇ ਮੋਗਾ ਅਤੇ ਸ਼ਹਿਰ ਖੇਤਰ ਨਾਲ ਸਬੰਧਤ ਹਨ।

ਹਾਲਾਂਕਿ ਹੁਣ ਤੱਕ ਇਹ ਔਰਤਾਂ ਸਵੈ-ਇੱਛਾ ਨਾਲ ਕੰਮ ਕਰ ਰਹੀਆਂ ਹਨ, ਪ੍ਰੰਤੂਆਰਸੇਟੀ ਸੈਂਟਰ ਵੱਲੋ ਕੰਮ ਪੂਰਾ ਹੋਣ 'ਤੇ ਇਨ੍ਹਾਂ ਨੂ ਮਾਣ ਭੱਤਾ ਵੀ ਦਿੱਤੇ ਜਾਣ ਦੀ ਤਜਵੀਜ ਹੈ।

.